

ਸਮੂਹ ਦੇਸ਼ਵਾਸੀਆਂ ਨੂੰ **ਸ਼ਿਵਰਾਤਰੀ** ਦੀ ਲੱਖ-ਲੱਖ ਵਧਾਈ


ਰੋਜ਼ਾਨਾ

# ਲੋਕ ਬਾਣੀ

ਸੱਚ ਤੇ ਨਿਡਰ ਆਵਾਜ਼

Gmail : lokbani08@gmail.com

18 ਫਰਵਰੀ 2023

ਮੁੱਖ ਸੰਪਾਦਕ ਅਮਨ ਮਹਿਰਾ (ਜਲੰਧਰ)








R.N.I. /Punpun/29016/2008/ ● ਸਾਲ : 15 ● ਅੰਕ : 50 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111


## 16 ਘੰਟੇ ਬਾਅਦ ਵਾਪਸ ਪਰਤੀ ਜਿਥੋਂ ਉੱਡੀ ਸੀ ਫਲਾਈਟ

**ਆਕਲੈਂਡ/ਲੋਕ ਬਾਣੀ**

ਆਕਲੈਂਡ ਤੋਂ ਨਿਊਯਾਰਕ ਲਈ ਏਅਰ ਨਿਊਜ਼ੀਲੈਂਡ ਦੀ ਫਲਾਈਟ 16 ਫਰਵਰੀ ਨੂੰ ਵਾਪਸ ਆਪਣੇ ਟੇਕਆਫ ਸਥਾਨ ‘ਤੇ ਪਹੁੰਚ ਗਈ। ਯਾਤਰੀ 16 ਘੰਟੇ ਤੱਕ ਫਲਾਈਟ ‘ਚ ਬੈਠੇ ਰਹੇ। ਜਦੋਂ ਲੋਕਾਂ ਨੂੰ ਉਸੇ ਥਾਂ ‘ਤੇ ਫਲਾਈਟ ਦਾ ਪਤਾ ਲੱਗਾ ਤਾਂ ਉਹ ਹੈਰਾਨ ਰਹਿ ਗਏ। ਦਰਅਸਲ, ਬਿਜਲੀ ਬੰਦ ਹੋਣ ਕਾਰਨ ਸੰਚਾਲਨ ਵਿੱਚ ਵਿਘਨ ਪਿਆ, ਜਿਸ ਨਾਲ ਘੱਟੋ-ਘੱਟ 135 ਉਡਾਣਾਂ ਪ੍ਰਭਾਵਿਤ ਹੋਈਆਂ। ਵਾਸ਼ਿੰਗਟਨ ਪੋਸਟ ਦੇ ਅਨੁਸਾਰ, ਏਅਰਲਾਈਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਆਕਲੈਂਡ-ਨਿਊਯਾਰਕ ਫਲਾਈਟ ਨੂੰ ਟਰਮੀਨਲ ਵਿੱਚ ਅੱਗ ਲੱਗਣ ਕਾਰਨ ਵਾਪਸ ਮੋੜ ਦਿੱਤਾ ਗਿਆ ਸੀ। ਰਿਪੋਰਟਾਂ ਮੁਤਾਬਕ ਨਿਊਜ਼ੀਲੈਂਡ ਦੀ ‘ਏਅਰ ਨਿਊਜ਼ੀਲੈਂਡ ਫਲਾਈਟ’ ਵੀਰਵਾਰ ਸ਼ਾਮ ਨੂੰ ਆਕਲੈਂਡ ਤੋਂ ਰਵਾਨਾ ਹੋਈ ਸੀ। ਫਲਾਈਟ ਨੂੰ ਸਥਾਨਕ ਸਮੇਂ ਅਨੁਸਾਰ ਸ਼ਾਮ 5:40 ਵਜੇ ਜੌਨ ਐੱਫ. ਕੈਨੇਡੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਟਰਮੀਨਲ 1 ‘ਤੇ ਉਤਰਨਾ ਸੀ, ਪਰ ਇਸ ਦੀ ਬਜਾਏ ਨਿਊਜ਼ੀਲੈਂਡ ਹੁ ਪੁੱਜ ਗਈ।




## ਕਿਸਾਨ ਨੇ ਕਰਜੇ ਤੋਂ ਤੰਗ ਆ ਕੀਤੀ ਆਤਮਹੱਤਿਆ

**ਰਾਮਾਂ ਮੰਡੀ/ਲੋਕ ਬਾਣੀ**

ਨੇੜਲੇ ਪਿੰਡ ਚੱਕ ਹੀਰਾ ਸਿੰਘ ਵਿਖੇ ਕਰਜ਼ੇ ਤੋਂ ਦੁੱਖੀ 50 ਸਾਲਾ ਕਿਸਾਨ ਨੇ ਆਪਣੇ ਖ਼ੇਤ ਵਿਚ ਬਣੇ ਕੋਠੇ ਵਿਚ ਫ਼ਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ, ਜਿਸ ਦੀ ਸੂਚਨਾ ਮਿਲਦੇ ਹੀ ਪੁਲਿਸ ਪਾਰਟੀ ਉਕਤ ਘਟਨਾ ਸਥਾਨ ‘ਤੇ ਪੁੱਜ ਕੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਤਲਵੰਡੀ ਸਾਬੋ ਭੇਜ ਦਿੱਤਾ ਹੈ।



## ਵਿਦੇਸ਼ ਮੰਤਰਾਲੇ ਨੇ ਖਾਲਿਸਤਾਨ ਟਾਈਗਰ ਫੋਰਸ ਨੂੰ ਅੱਤਵਾਦੀ ਸੰਗਠਨ ਘੋਸ਼ਿਤ ਕੀਤਾ

**ਦਿੱਲੀ, ਕਪੂਰ**

ਭਾਰਤੀ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਖ਼ਾਲਿਸਤਾਨ ਟਾਈਗਰ ਫ਼ੋਰਸ ਇਕ ਖਾੜਕੂ ਜਥੇਬੰਦੀ ਹੈ ਅਤੇ ਇਸ ਦਾ ਉਦੇਸ਼ ਪੰਜਾਬ ਵਿਚ ਅੱਤਵਾਦ ਨੂੰ ਮੁੜ ਸੁਰਜੀਤ ਕਰਨਾ ਹੈ ਅਤੇ ਭਾਰਤ ਦੀ ਖ਼ੇਤਰੀ ਅਖ਼ੰਡਤਾ, ਏਕਤਾ, ਰਾਸ਼ਟਰੀ ਸੁਰੱਖਿਆ ਅਤੇ ਪ੍ਰਭੂਸੱਤਾ ਨੂੰ ਚੁਣੌਤੀ ਦੇਣਾ ਹੈ ਤੇ ਪੰਜਾਬ ਵਿਚ ਕਤਲਾਂ ਸਮੇਤ ਅੱਤਵਾਦ ਦੀਆਂ ਵੱਖ-ਵੱਖ ਕਾਰਵਾਈਆਂ ਨੂੰ ਉਤਸ਼ਾਹਿਤ ਕਰਨਾ ਹੈ।

## ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਪਰਸਨ ਬਣੇ ਡਾ. ਸਤਬੀਰ ਬੇਦੀ

**ਜਲੰਧਰ/ਰਾਕੇਸ਼ ਵਰਮਾ**

ਪੰਜਾਬ ਸਰਕਾਰ ਵਲੋਂ ਡਾ. ਸਤਬੀਰ ਬੇਦੀ ਪੁੱਤਰੀ ਡਾ. ਬੀ.ਐੱਸ. ਬੇਦੀ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਚੇਅਰਪਰਸਨ ਨਿਯੁਕਤ ਕੀਤਾ ਗਿਆ ਹੈ।



## ਮੀਡੀਆ ਕਲੱਬ ਰਜਿ. ਨੇ ਪੁਲਿਸ ਕਮਿਸ਼ਨਰ ਜਲੰਧਰ IPS ਕੁਲਦੀਪ ਸਿੰਘ ਚਾਹਲ ਨੂੰ ਕੀਤਾ ਸਨਮਾਨਿਤ




**ਜਲੰਧਰ /ਹਰਬੰਸ**

ਪੰਜਾਬ ਦੀ ਅਮਨ ਸ਼ਾਂਤੀ ਨੂੰ ਬਹਾਲ ਕਰਾਉਣ ਲਈ ਅਹਿਮ ਭੂਮਿਕਾ ਨਿਭਾਉਣ ਵਾਲੇ ਅਤੇ ਖਤਰਨਾਕ ਗੈਂਗਸਟਰ, ਨਸ਼ਾ ਤਸਕਰਾਂ ਨੂੰ ਨੱਥ ਪਾਉਣ ਵਾਲੇ ਪੰਜਾਬ ਸਰਕਾਰ ਦੇ ਨਿਧੜਕ ਆਈ ਪੀ ਐਸ ਅਫਸਰ ਕੁਲਦੀਪ ਸਿੰਘ ਚਾਹਲ ਪੁਲਿਸ ਕਮਿਸ਼ਨਰ ਜਲੰਧਰ ਨੂੰ ਮੀਡੀਆ ਕਲੱਬ ਰਜਿ. ਵਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੇ ਮੀਡੀਆ ਕਲੱਬ ਰਜਿ.ਦੇ ਚੇਅਰਮੈਨ ਤੇ ਰੋਜਾਨਾ ਲੋਕ ਬਾਣੀ ਅਖਬਾਰ ਦੇ ਮੁੱਖ ਸੰਪਾਦਕ ਅਮਨਦੀਪ ਮਹਿਰਾ, ਪ੍ਰਧਾਨ ਸ਼ਿੰਦਰਪਾਲ ਸਿੰਘ ਚਾਹਲ, ਜਨਰਲ ਸਕੱਤਰ ਮਹਾਂਵੀਰ ਸੇਠ, ਮੁੱਖ ਸਲਾਹਕਾਰ ਵਿਨੈਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਠਾਕੁਰ, ਸਕੱਤਰ ਗੁਰਪ੍ਰੀਤ ਸਿੰਘ, ਪੀ ਆਰ ਓ ਦਲਬੀਰ ਸਿੰਘ ਅਤੇ ਪੱਤਰਕਾਰ ਹਰਬੰਸ ਸਿੰਘ ਹਾਜਰ ਸਨ

ਰੋਜ਼ਾਨਾ ਲੋਕ ਬਾਣੀ

## ਸ਼ਿਵਰਾਤਰੀ ਦੇ ਮੌਕੇ ਲੱਖ-ਲੱਖ ਵਧਾਈ




ਟੀਐਸ ਕਾਕਾ ਵੱਲੋਂ ਸ਼ਿਵਰਾਤਰੀ ਦੇ ਮੌਕੇ ਤੇ ਸ਼ਹਿਰ ਵਾਸੀਆਂ ਨੂੰ ਵਧਾਈ

aap

ਜਗਦੇਵ ਸਿੰਘ ਧੁਨਾਂ ਪ੍ਰਧਾਨ ਬੀ ਸੀ ਵਿੰਗ ਹਲਕਾ ਦੱਖਣੀ ਵਲੋਂ




## ਸੁਖਬੀਰ ਨੇ ਲਾਏ ਸਰਕਾਰ ’ਤੇ ਵਿਧਾਇਕ ਨੂੰ ਬਚਾਉਣ ਦੇ ਇਲਜ਼ਾਮ

**ਚੰਡੀਗੜ/ਵਿਨੋਦ ਸ਼ਰਮਾ**



**ਸ਼੍ਰੋਮਣੀ** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਿਤ ਰਤਨ ਦੇ ਖ਼ਿਲਾਫ਼ ਸਾਰੇ ਸਬੂਤ ਸਾਹਮਣੇ ਆਏ ਹਨ, ਜਿਸ ਵਿਚ ਵਿਧਾਇਕ ਦੀ ਰਿਸ਼ਵਤ ਮੰਗਣ ਦੀ ਰਿਕਾਰਡਿੰਗ, ਵਿਜੀਲੈਂਸ ਦੇ ਛਾਪੇ ਦੌਰਾਨ ਸਰਕਟ ਹਾਊਸ ਵਿਚ ਉਸਦੀ ਮੌਜੂਦਗੀ ਅਤੇ ਸੀ.ਸੀ. ਟੀ.ਵੀ. ਵਿਚ ਕੈਦ ਹੋਏ ਗੇਟ ਤੋਂ ਬਾਹਰ ਨਿਕਲਣਾ ਸ਼ਾਮਿਲ ਹੈ। ਉਨਾਂ ਕਿਹਾ ਕਿ ਕਿਉਂ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਭ੍ਰਿਸ਼ਟਾਂ ਨੂੰ ਬਚਾ ਰਹੇ ਹਨ ?

## ਪੰਜਾਬ ਵਿੱਚ ਫਿਰ ਚੱਲੀ ਗੋਲੀ, 1 ਦੀ ਮੌਤ

**ਸੁਨਾਮ/ਲੋਕ ਬਾਣੀ**

ਸੁਨਾਮ ‘ਚ ਖੇਡ ਮੇਲੇ ਦੌਰਾਨ ਦੋ ਦੋਸਤਾਂ ਵਿਚਾਲੇ ਹੋਏ ਮਾਮੂਲੀ ਝਗੜੇ ਨੇ ਨੌਜਵਾਨ ਦੀ ਜਾਨ ਲੈ ਲਈ। ਸਥਾਨਕ ਪਟਿਆਲਾ ਰੋਡ ‘ਤੇ ਸੁਨਾਮ ਸੰਗਰੂਰ ਕੈਂਚੀਆਂ ‘ਚ ਪਿੰਡ ਸਿੰਘਪੁਰਾ ਦੇ ਨੌਜਵਾਨ ਸੁਖਜਿੰਦਰ ਸਿੰਘ ਚੱਠਾ ਦਾ ਉਸ ਦੇ ਹੀ ਦੋਸਤ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਦੋਸਤ ਫਰਾਰ ਹੋ ਗਿਆ। ਘਟਨਾ ਵੀਰਵਾਰ ਅੱਧੀ ਰਾਤ ਦੀ ਦੱਸੀ ਜਾ ਰਹੀ ਹੈ। ਪੁਲਸ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਕਬਜ਼ੇ ‘ਚ ਲੈ ਕੇ ਪੋਸਟਮਾਰਟਮ ਲਈ ਸੁਨਾਮ ਦੇ ਸਰਕਾਰੀ ਹਸਪਤਾਲ ‘ਚ ਰਖਵਾਇਆ ਹੈ। ਸੂਚਨਾ ਮਿਲਦੇ ਹੀ ਪੁਲਸ ਮੌਕੇ ‘ਤੇ ਪਹੁੰਚ ਗਈ।




ਮਿਸ਼ਰਾ ਇੰਟਰਪ੍ਰਾਇਜਿਜ਼ ਅਤੇ ਪ੍ਰਿੰਸ ਸਿੰਘ ਵੱਲੋਂ ਸ਼ਿਵਰਾਤਰੀ ਮੁਬਾਰਕ



ਅਰਵਿੰਦ ਕੇਜਰੀਵਾਲ ‘ਆਪ’ ਪ੍ਰਧਾਨ ਅਤੇ ਮੁੱਖ ਮੰਤਰੀ, ਦਿੱਲੀ



ਭਗਵੰਤ ਮਾਨ ਮੁੱਖ ਮੰਤਰੀ, ਪੰਜਾਬ



ਪਵਨ ਰਾਜ ਸਿੰਘ ਅਤੇ ਦਿਲਬਾਗ ਸਿੰਘ ਵੱਲੋਂ ਸ਼ਹਿਰ ਵਾਸੀਆਂ ਨੂੰ ਸ਼ਿਵਰਾਤਰੀ ਦੀਆਂ ਲੱਖ ਲੱਖ ਵਧਾਈਆਂ



ਆਮ ਆਦਮੀ ਪਾਰਟੀ ਦੀ ਵਿਧਾਇਕਾ ਰਜਿੰਦਰ ਪਾਲ ਕੌਰ ਛੀਨਾ ਵੱਲੋਂ ਸ਼ਿਵਰਾਤਰੀ ਦੀ ਵਧਾਈ।

ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦ.ਫਤਰ

ਲੋਕ ਬਾਣੀ ਸੰਗਮ ਕੰਪਕੈਲਸ, ਮਿਲਾਪ ਚੌਂਕ ਜਲੰਧਰ

99155-94111